ਸੇਵਾ ਵਿਖੇ,

ਚੀਫ ਐਗਜੀਕਿਊਟਿਵ ਅਫਸਰ,
ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ,
ਸੈਕਟਰ 27-ਏ, ਮੱਧ ਮਾਰਗ,
ਚੰਡੀਗੜ੍ਹ।

ਵਿਸ਼ਾ:- ਸੀਵਰੇਜ਼ ਪਾਉਣ ਤੋਂ ਬਾਅਦ ਸੜਕਾਂ ਦੀ ਮੁਰੰਮਤ ਨਾ ਹੋਣ ਸਬੰਧੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ, ਕੁਝ ਸਮਾਂ ਪਹਿਲਾ ਆਪ ਜੀ ਦੇ ਮਹਿਕਮੇ ਵੱਲੋਂ ਨਾਭਾ ਸ਼ਹਿਰ ਵਿਖੇ ਸੀਵਰੇਜ਼ ਦੀਆਂ ਨਵੀਆ ਲਾਇਨਾਂ ਪਾਈਆ ਗਈਆਂ ਸਨ ਤੇ ਇਹ ਕੰਮ ਟੀਚਰਜ਼ ਕਲੋਨੀ ਹੀਰਾ ਮਹਿਲ ਵਿਖੇ ਹੋਇਆ ਸੀ। ਹੁਣ ਦੁਬਾਰਾ ਸ਼ਹਿਰ ਵਿਖੇ ਸੀਵਰੇਜ਼ ਦਾ ਕੰਮ ਹੋਇਆ ਤੇ ਹੀਰਾ ਮਹਿਲ ਵਿਖੇ ਇਹ ਕੰਮ ਟੀਚਰਜ ਕਲੋਨੀ ਤੋਂ ਸ਼ੁਰੂ ਕੀਤਾ ਗਿਆ ਤੇ ਇਸ ਤਰ੍ਹਾ ਮੇਰੇ ਘਰ ਦੇ ਪਾਸ ਦੋ-ਬਾਰ ਸੀਵਰੇਜ਼ ਦੀਆਂ ਲਾਈਨਾਂ ਸਮਾਨਅੰਤਰ (Parallel) ਤੌਰ ਤੇ ਪਾਕੇ ਸਰਕਾਰੀ ਫੰਡਜ਼ ਦੀ ਦੁਰ ਵਰਤੋਂ ਕੀਤੀ ਗਈ ਹੈ।

ਬੋਰਡ ਵੱਲੋਂ ਪੁਟਾਈ ਕੀਤੀ ਗਈ ਸੜਕ ਦਾ ਨਿਰਮਾਣ ਕੀਤਾ ਜਾਣਾ ਬਣਦਾ ਸੀ ਜੋ ਕਿ ਨਾ ਹੀ ਪਹਿਲਾ ਕੀਤਾ ਗਿਆ ਅਤੇ ਨਾ ਹੀ ਬਾਰ-ਬਾਰ ਕਹਿਣ ਤੇ ਹੁਣ ਕੀਤਾ ਗਿਆ ਹੈ ਜਦੋਂਕਿ ਇਸ ਸਬੰਧੀ ਕਾਰਜ ਸਾਧਕ ਅਫਸਰ ਨਾਭਾ ਵੱਲੋਂ ਆਪਣੇ ਪੱਤਰ ਨੰ. 876 MD ਮਿਤੀ 25-04-18 ਰਾਹੀਂ ਸੜਕ ਬਣਾਉਣ ਲਈ ਆਪ ਜੀ ਦੇ ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ ਪਟਿਆਲਾ ਨੂੰ ਵਿਸ਼ੇਸ਼ ਤੌਰ ਤੇ ਲਿਖਿਆ ਗਿਆ ਸੀ। (ਪੱਤਰ ਦੀ ਫੋਟੋਕਾਪੀ ਨਾਲ ਨੱਥੀ ਹੈ)

ਇਸ ਸਬੰਧੀ ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਨਾਲ ਲਗਦੀ ਸੰਗਤਪੁਰਾ ਕਲੋਨੀ ਦੀਆਂ ਸਾਰੀਆ ਗਲੀਆਂ (ਤਕਰੀਬਨ 7/8) ਦੀ ਪਹਿਲਾਂ ਰਿਪੇਅਰ ਕੀਤੀ ਗਈ ਤੇ ਫਿਰ ਆਪ ਜੀ ਦੇ ਮਹਿਕਮੇ ਵੱਲੋਂ ਪਤਾ ਨਹੀਂ ਕਿਸ ਦਬਾਓ ਜਾਂ ਮੰਤਵ ਕਾਰਨ ਨਵੀਆਂ ਇੰਟਰ-ਲਾਕਿੰਗ ਟਾਇਲਾਂ ਲਗਾਕੇ ਸੜਕਾ ਦੀ ਪੂਰੀ ਉਸਾਰੀ ਕਰ ਦਿੱਤੀ ਗਈ। ਜਦੋਂ ਕਿ ਇਹ ਲਾਈਨਾਂ ਸਾਡੀ ਕਲੋਨੀ ਤੋਂ ਬਾਅਦ ਵਿੱਚ ਪਾਈਆਂ ਸਨ।

ਇਸ ਲਈ ਹੀਰਾ ਮਹਿਲ ਕਲੋਨੀ ਦੀਆਂ ਰਹਿੰਦੀਆਂ ਸੜਕਾਂ ਦੀ ਉਸਾਰੀ ਕਰਨ ਦੇ ਵੀ ਨਿਰਦੇਸ਼ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਧੰਨਵਾਦ ਸਹਿਤ।

ਨੱਥੀ:- (i) ਕਾਰਜ ਸਾਧਕ ਅਫਸਰ ਨਗਰ ਕੌਂਸਲ ਨਾਭਾ ਦਾ ਪੱਤਰ।

ਆਪ ਜੀ ਦਾ ਹਿਤੂ

25/6/18

ਸੁਭਾਸ਼ ਚੰਦਰ ਗੁਪਤਾ, (ਰਿਟਾ.)
ਕਾਰਜ ਸਾਧਕ ਅਫਸਰ,
ਟੀਚਰਜ਼ ਕਲੋਨੀ ਹੀਰਾ ਮਹਿਲ,
ਬੈਕ ਸਾਇਡ ਮੋਰਮਾਲ, ਨਾਭਾ

Conti:..........

ਇਸ ਦਾ ਇੱਕ ਉਤਾਰਾ ਮਾਨਯੋਗ ਸ੍ਰੀ ਨਵਜੋਤ ਸਿੰਘ ਸਿੱਧੂ ਲੋਕਲ ਬਾਡੀਜ਼ ਮੰਤਰੀ ਪੰਜਾਬ ਚੰਡੀਗੜ੍ਹ ਜੀ ਨੂੰ ਸੂਚਨਾਂ ਤੇ ਪੰਜਾਬ ਵਿਜੀਲੈਂਸ ਵਿਭਾਗ ਤੋਂ ਮੌਕੇ ਤੇ ਪੜਤਾਲ ਕਰਵਾਉਣ ਹਿੱਤ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ, ਹੇਠ ਲਿਖੇ ਤੱਥਾਂ ਤੇ ਵਿਸ਼ੇਸ਼ ਗੌਰ ਕੀਤਾ ਜਾਵੇ:-

1) ਕੀ ਪਾਇਆ ਗਿਆ ਸੀਵਰੇਜ਼ ਕੰਮ ਕਰਦਾ ਹੈ ਜਾਂ ਨਹੀ। ਇਸ ਦੇ ਲੈਵਲ ਚੈੱਕ ਕਰਵਾਏ ਜਾਣ।
2) ਇਸ ਏਰੀਏ ਵਿੱਚ ਦੋ ਬਾਰ ਪੈਰਲਲ ਸੀਵਰ ਪਾਈਪਾਂ ਪਾਉਣ ਦਾ ਕਿ ਉਦੇਸ਼ ਸੀ।
3) ਇਸ ਤਰ੍ਹਾਂ ਸਰਕਾਰੀ ਫੰਡਜ਼ ਦੀ ਦੂਰ ਵਰਤੋਂ ਕਿਉਂ ਕੀਤੀ ਗਈ।
4) ਸ਼ਹਿਰ ਦੇ ਵਿਕਾਸ ਕਰਨ ਵਿੱਚ ਪੱਖਪਾਤ ਜਾ ਵਿਤਕਰਾ ਕਿਉਂ ਕੀਤਾ ਗਿਆ।

ਇਹ ਸਾਰੇ ਕੰਮ-ਕਾਜ਼ ਵਿੱਚ ਹੋਈਆਂ ਅਨਿਯਮਤਾ ਦੀ ਜਾਂਚ ਕੀਤੀ ਜਾਵੇ ਕਿਉਂਕਿ, ਇਸ ਏਰੀਏ ਵਿੱਚ ਸੀਵਰ ਦੀਆਂ ਲਾਇਨਾ ਪਾਉਣ ਤੋਂ ਬਾਅਦ ਗੰਦੇ ਪਾਣੀ ਦੇ ਨਿਕਾਸ ਦੀ ਸਮੱਸਿਆ ਹੋਰ ਜ਼ਿਆਦਾ ਗੰਭੀਰ ਹੋ ਗਈ ਹੈ। ਆਮ ਜਨਤਾ ਨੂੰ ਕੋਈ ਰਾਹਤ ਨਹੀਂ ਮਿਲੀ ਬਲਕਿ, ਸੜਕਾਂ ਦੇ ਉਬੜ-ਖੁਬੜ ਹੋ ਜਾਣ ਨਾਲ ਆਵਾਜਾਈ ਵਿੱਚ ਔਕੜ ਪੇਸ਼ ਆਉਂਦੀ ਹੈ।

ਧੰਨਵਾਦ ਸਹਿਤ।

ਆਪ ਜੀ ਦਾ ਹਿਤੂ

ਨੱਥੀ:- ਕਾਰਜ ਸਾਧਕ ਅਫਸਰ ਨਗਰ ਕੌਂਸਲ ਨਾਭਾ ਦਾ ਪੱਤਰ।

Gurpreet Singh
#347

#347, W/2

#333

#357

#351

25/6/18

W-5 ਸੁਭਾਸ਼ ਚੰਦਰ ਗੁਪਤਾ,(ਰਿਟਾ.)
#364 ਕਾਰਜ ਸਾਧਕ ਅਫਸਰ,
ਟੀਚਰਜ਼ ਕਲੋਨੀ ਹੀਰਾ ਮਹਿਲ,
ਬੈਕ ਸਾਇਡ ਮੌਰਮਾਲ ਨਾਭਾ। -147201
ਜ਼ਿਲ੍ਹਾ ਪਟਿਆਲਾ, ਪੰਜਾਬ

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 11825 ਮਿਤੀ: 4.7.18

ਉਪਰੋਕਤ ਦੀ ਨਕਲ ਸਮੇਤ ਸਹਿਲੱਗ ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸੇ ਅੰਕਿਤ ਮਾਮਲੇ ਤੇ ਨਿੱਜੀ ਧਿਆਨ ਦਿੰਦੇ ਹੋਏ ਲੋੜੀਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਵੇ ।

ਨੱਥੀ/ਉਕਤ ਅਨੁਸਾਰ

4/7

ਕਾਰਜਕਾਰੀ ਇੰਜੀਨੀਅਰ (ਵ)